# ਸੋਮਵਾਰ 24 ਜੂਨ 2019 ਤੋਂ ਐਤਵਾਰ 30 ਜੂਨ 2019 ਤੱਕ

**25.6.19 ਮੰਗਲਵਾਰ:-** ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਨ ਹੈ।

**26.6.19 ਬੁੱਧਵਾਰ: – visitors 25 @12.30, they will have meal.**

**4.30 ਵਜ਼ੇ:-** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ

**27.6.19 ਵੀਰਵਾਰ:- 6.00 ਵੱਜ਼ੇ:-** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।

**28.6.19 ਸ਼ੁਕਰਵਾਰ:-**

**10.00 ਵਜ਼ੇ:-** ਸ ਤਰਸੇਮ ਸਿੰਘ ਬਾਸੀ ਅਤੇ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।

**29.6.19 ਸ਼ਨਿਚਰਵਾਰ: –** ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਦਾ ਦਿਨ ਹੈ।

**11.00 ਵੱਜੇ:-**ਸ ਗੁਰਵਿੰਦਰ ਸਿੰਘ ਸੰਧੂ ਅਤੇ ਪਰਿਵਾਰ ਵੱਲੋ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।

**4.00 ਵਜ਼ੇ:-** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

**30.6.19 ਐਤਵਾਰ:-**

**10.00 ਵਜ਼ੇ: –** ਸ ਤਰਸੇਮ ਸਿੰਘ ਬਾਸੀ ਅਤੇ ਪਰਿਵਾਰ ਰਖਾਏ ਹੋਏ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

ਦੇਗ ਦੀ ਸੇਵਾ:- ਸ ਗੁਰਦਿਆਲ ਸਿੰਘ ਚੱਠਾ

11.30 ਵੱਜੇ:-ਸ ਰੇਛਮ ਸਿੰਘ ਜੀ ਦੇ ਗ੍ਰਹਿ ਵਿੱਖੇ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

**ਜੁਲਾਈ**

2 ਜੁਲਾਈ ਸਿਰਜਣਾ ਦਿਵਸ ਸ੍ਰੀ ਅਕਾਲ ਸਾਹਿਬ ਜੀ

5 ਜੁਲਾਈ ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

9 ਜੁਲਾਈ ਸ਼ਹੀਦੀ ਦਿਨ ਭਾਈ ਮਨੀ ਸਿੰਘ ਜੀ

16 ਜੁਲਾਈ ਸੰਗ੍ਰਾਂਦ ਸਾਉਣ ਦੀ

16 ਜੁਲਾਈ ਸ਼ਹੀਦੀ ਭਾਈ ਤਾਰੂ ਸਿੰਘ ਜੀ

21 ਜੁਲਾਈ ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ

23 ਜੁਲਾਈ ਪ੍ਰਕਾਸ਼ ਸ੍ਰੀ ਗੁਰੁ ਹਰਿਕ੍ਰਿਸ਼ਨ ਸਾਹਿਬ ਜੀ

31 ਜੁਲਾਈ ਸ਼ਹੀਦੀ ਦਿਨ ਸ ਉਧਮ ਸਿੰਘ ਜੀ

**ਸੋਮਵਾਰ:- Ladies keep fit class In Upper hall from 4 to 5 PM, Men keep fit class in Elderly Day Centre from 15.00 to 16.00 PM**
**ਮੰਗਲਵਾਰ:- Karate class in Shahhed Udham Singh Hall from 18.30 PM to 2030 PM.**

**ਬੁੱਧਵਾਰ: – Matrimonial Service in library from 6.30-8.00 PM, Dastaar Sajauni class- from 5.15 PM -6.30 PM. Rehrass Sahib recited by children at 6.00 PM. Sikh Studies Classes for children age 5 up to GCSE level. Sewing machine class in Shaheed Udham Singh Hall from 13.00 PM to 15.00 PM. Religious Services, Music & Kirtan classes from 17.00 PM to 2030 PM**

**ਵੀਰਵਾਰ:- Karate class in shaheed Udham Singh Hall from 18.30 PM to 2030 PM keep fit class in Elderly Day Centre from 15.00 PM to 16.00 PM**

**ਸ਼ਨਿਚਰਵਾਰ: - Sikh Studies Classes for children age 5 up to GCSE Level in Bibi Bhani ji sikh study centre from 4.00-5.30 PM.**

**ਐਤਵਾਰ:- Matrimonial Service in library from 6.30-8.00 PM**

**Children Paath classes up to Sukhmani Sahib First Group: 10.45 AM-11.30 AM. Second Group 11.30 AM-12.15 PM Youngsters Gurbani class 11.15am till 11.45am. Crèche, Service from 6 PM to 7.30pm.**

## ਭਾਬਾ ਬੰਦਾ ਸਿੰਘ ਜੀ ਬਹਾਦਰ ਦੇ ਸਹੀਦੀ ਦਿਵਸ ਤੇ




ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 16 ਅਕਤੂਬਰ ਸੰਨ 1670 ਨੂੰ ਕਸ਼ਮੀਰ ਦੇ ਜੰਮੂ ਅਤੇ ਪੁਣਛ ਦੇ ਵਿਚਕਾਰ ਪੈਂਦੇ ਪਹਾੜੀ ਕਸਬੇ ਰਾਜੌਰੀ ਵਿਚ ਪਿਤਾ ਰਾਮ ਦੇਵ ਦੇ ਘਰ ਹੋਇਆ। ਬਾਬਾ ਬੰਦਾ ਸਿੰਘ ਦਾ ਪਹਿਲਾਂ ਨਾਂਅ ਲਛਮਣ ਦੇਵ ਸੀ। ਰਾਜਪੂਤ ਹੋਣ ਕਾਰਨ ਲਛਮਣ ਦੇਵ ਨੇ ਛੋਟੀ ਉਮਰ ਵਿਚ ਹੀ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ। ਇਕ ਦਿਨ ਸ਼ਿਕਾਰ ਖੇਡਦਿਆਂ ਇਕ ਹਿਰਨੀ ਦਾ ਐਸਾ ਸ਼ਿਕਾਰ ਕੀਤਾ ਕਿ ਉਸ ਦੇ ਮਰਨ ਸਾਰ ਹੀ ਦੋ ਮਾਸੂਮ ਬੱਚੇ ਪੇਟ ਵਿਚੋਂ ਨਿਕਲ ਕੇ ਲਛਮਣ ਦੇਵ ਦੇ ਸਾਹਮਣੇ ਹੀ ਦਮ ਤੋੜ ਗਏ। ਇਸ ਘਟਨਾ ਨੇ ਲਛਮਣ ਦੇਵ ਨੂੰ ਸ਼ਾਇਦ ਪੂਰੀ ਦੁਨੀਆ ਤੋਂ ਉਪਰਾਮ ਕਰ ਦਿੱਤਾ। ਘਰ-ਬਾਰ ਤਿਆਗ ਉਹ ਘੁੰਮਦੇ-ਘੁਮਾਉਂਦੇ ਨਾਸਿਕ ਵਿਖੇ ਔਘੜ ਨਾਥ ਨਾਂਅ ਦੇ ਤਾਂਤਰਿਕ ਕੋਲ ਪੁੱਜ ਗਏ। ਕੁਝ ਸਮਾਂ ਤੰਤਰ ਵਿੱਦਿਆ ਵਿਚ ਨਿਪੁੰਨ ਹੋ ਕੇ ਲਛਮਣ ਦੇਵ ਨੇ ਆਪਣਾ ਵੱਖਰਾ ਡੇਰਾ ਗੋਦਾਵਰੀ ਨਦੀ ਦੇ ਕੰਢੇ ਬਣਾ ਲਿਆ। ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਉਸ ਦਾ ਨਾਂਅ ਗੁਰਬਖਸ਼ ਸਿੰਘ ਰੱਖਿਆ, ਜੋ ਬਾਅਦ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂਅ ਨਾਲ ਪ੍ਰਸਿੱਧ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਦੇ ਨਾਲ ਬਾਬਾ ਵਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਰਣ ਸਿੰਘ ਅਤੇ ਭਾਈ ਦਇਆ ਸਿੰਘ ਤੋਂ ਇਲਾਵਾ ਪੰਜ ਤੀਰਾਂ ਤੋਂ ਬਿਨਾਂ ਕਰੀਬ 20 ਕੁ ਸਿੰਘ ਅਤੇ ਸਿੱਖ ਸੰਗਤ ਲਈ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਮੁਗਲਾਂ ਨਾਲ ਲੋਹਾ ਲੈਣ ਲਈ ਪੰਜਾਬ ਵੱਲ ਭੇਜਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਸਿੱਖਾਂ ਨੇ 11 ਨਵੰਬਰ ਸੰਨ 1709 ਨੂੰ ਮੁਗਲ ਸਾਮਰਾਜ ਦੇ ਨਾਮੀ ਪਰਗਣੇ ਸਮਾਣਾ ਨੂੰ ਜਿੱਤਿਆ। ਸਰਹੰਦ ਤੋਂ 12 ਕੋਹ ਦੇ ਫਾਸਲੇ 'ਤੇ ਚੱਪੜਚਿੜੀ ਦੇ ਮੈਦਾਨ ਵਿਚ 12 ਮਈ ਸੰਨ 1710 ਨੂੰ ਜ਼ਬਰਦਸਤ ਯੁੱਧ ਹੋਇਆ। ਇਸ ਜੰਗ ਦੌਰਾਨ ਸਿੰਘਾਂ ਨਾਲੋਂ ਕਈ ਗੁਣਾ ਜ਼ਿਆਦਾ ਨਫਰੀ ਵਾਲੀਆਂ ਮੁਗਲ ਫੌਜਾਂ ਨੂੰ ਵੱਡੀ ਹਾਰ ਦਾ ਮੂੰਹ ਦੇਖਣਾ ਪਿਆ। ਜੰਗ ਦੌਰਾਨ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਅੰਤ 14 ਮਈ ਸੰਨ 1710 ਨੂੰ ਸਿੱਖ ਫੌਜਾਂ ਸਰਹੰਦ ਵਿਚ ਦਾਖਲ ਹੋਈਆਂ। ਸਿੰਘਾਂ ਵੱਲੋਂ ਸਾਰੇ ਸ਼ਹਿਰ ਨੂੰ ਖੰਡਰ ਦੇ ਰੂਪ ਵਿਚ ਤਬਦੀਲ ਕਰਕੇ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਬਦਲਾ ਲਿਆ ਗਿਆ। ਮੁਗਲ ਬਾਦਸ਼ਾਹ ਫਰੁੱਖਸੀਅਰ ਨੇ ਆਪਣੇ ਜਰਨੈਲਾਂ ਨੂੰ ਹੁਕਮ ਜਾਰੀ ਕਰ ਦਿੱਤਾ ਕਿ ਬੰਦਾ ਸਿੰਘ ਨੂੰ ਜਿਉਂਦਾ ਜਾਂ ਮਰਿਆ ਮੇਰੇ ਹਵਾਲੇ ਕੀਤਾ ਜਾਵੇ। ਅੰਤ ਗੁਰਦਾਸਪੁਰ ਨੇੜੇ ਗੁਰਦਾਸ ਨੰਗਲ ਵਿਖੇ ਦੁਨੀ ਚੰਦ ਦੀ ਕੱਚੀ ਗੜ੍ਹੀ ਵਿਚ ਸਿੱਖ ਫੌਜਾਂ ਨੇ ਸ਼ਰਨ ਲੈ ਲਈ। ਕਰੀਬ 8 ਮਹੀਨੇ ਮੁਗਲ ਸੈਨਾ ਨੇ ਕੱਚੀ ਗੜ੍ਹੀ ਵਿਚ ਕੁਝ ਗਿਣਤੀ ਦੇ ਸਿੰਘਾਂ ਨੂੰ ਘੇਰਾ ਪਾਈ ਰੱਖਿਆ। ਬਹਾਦਰੀ ਨਾਲ ਲੜਦਿਆਂ ਬਾਬਾ ਬੰਦਾ ਸਿੰਘ ਬਹਾਦਰ ਤੇ 800 ਦੇ ਕਰੀਬ ਸਿੰਘ ਫੜੇ ਗਏ। ਬਾਬਾ ਬੰਦਾ ਸਿੰਘ ਨੂੰ ਪਿੰਜਰੇ ਵਿਚ ਕੈਦ ਕਰਕੇ ਹਾਥੀ 'ਤੇ ਬਿਠਾ ਕੇ ਅਤੇ ਬਾਕੀ ਸਿੰਘਾਂ ਨੂੰ ਵੀ ਬੇੜੀਆਂ 'ਚ ਜਕੜ ਕੇ ਰਾਜਧਾਨੀ ਦਿੱਲੀ ਲਿਜਾਇਆ ਗਿਆ। 5 ਮਾਰਚ ਸੰਨ 1716 ਨੂੰ ਸਿੰਘਾਂ ਦਾ ਕਤਲੇਆਮ ਸ਼ੁਰੂ ਕੀਤਾ ਗਿਆ। ਹਰ ਰੋਜ਼ 100 ਸਿੰਘਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਂਦਾ ਰਿਹਾ। ਇਸੇ ਦੌਰਾਨ 9 ਜੂਨ ਸੰਨ 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਨਾਲ ਦੇ ਕੁਝ ਸਿੰਘਾਂ ਨੂੰ ਬੰਦੀਖਾਨੇ ਵਿਚੋਂ ਸ਼ਹੀਦੀ ਲਈ ਲਿਆਂਦਾ ਗਿਆ। ਇਤਿਹਾਸਕਾਰਾਂ ਅਨੁਸਾਰ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਸੂਮ ਬੱਚੇ ਨੂੰ ਬਾਬਾ ਜੀ ਦੇ ਸਾਹਮਣੇ ਬੜੀ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਸਰੀਰ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ। ਪਰ ਸਿੱਖਾਂ ਦਾ ਉਹ ਬਹਾਦਰ ਜਰਨੈਲ ਆਪਣੇ ਸਿਦਕ ਤੋਂ ਨਾ ਡੋਲਿਆ। ਅੰਤ ਇਕ ਤਲਵਾਰ ਦੇ ਵਾਰ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ ਸਿਰ ਧੜ ਨਾਲੋਂ ਅਲੱਗ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਤਿਹਾਸ ਵਿਚ ਉਨ੍ਹਾਂ ਦੇ 9 ਜੂਨ 1716 ਨੂੰ ਸ਼ਹੀਦ ਹੋਣ ਦੇ ਪ੍ਰਮਾਣਾਂ ਨੂੰ ਬਿਲਕੁਲ ਸਹੀ ਮੰਨਿਆ ਜਾ ਰਿਹਾ ਹੈ।


**-ਪਿੰਡ ਤੇ ਡਾਕ: ਤਲਵੰਡੀ ਖੁਰਦ (ਲੁਧਿਆਣਾ)।**

**ਮੋਬਾ:** 98144-51414